**ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ**
**ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:,ਫੇਜ਼-8 ਐਸ.ਏ.ਐਸ ਨਗਰ,**
**ਫੋਨ ਨੰਬਰ: 0172-2212221**

---

**ਵੱਲ**

**ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ./ਐ.ਸਿੱ.),**

**ਸਮੂਹ ਸਕੂਲ ਮੁੱਖੀ,**

**ਮੀਮੋ:-** AD (CO) SSE/2021/2021298226 **ਮਿਤੀ:-** 02-09-2021

**ਵਿਸ਼ਾ:- ਸੈਸ਼ਨ 2021-22 ਦੌਰਾਨ ਵਿਦਿਆਰਥੀਆਂ ਦੇ ਮੁਲਾਂਕਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

**2.0** ਆਪ ਜੀ ਨੂੰ ਪਤਾ ਹੀ ਹੈ ਕਿ ਕੋਵਿਡ -19 ਦੀ ਸਥਿਤੀ ਕਰਕੇ ਪਿਛਲੇ ਅਕਾਦਮਿਕ ਸੈਸ਼ਨ ਦੌਰਾਨ ਜ਼ਿਆਦਾਤਰ ਦਿਨਾਂ ਲਈ ਸਕੂਲਾਂ ਦੇ ਬੰਦ ਹੋਣ ਕਾਰਨ ਵਿਦਿਆਰਥੀ ਆਨ-ਲਾਈਨ ਮਾਧਿਅਮ ਰਾਹੀਂ ਸਿੱਖਿਆ ਪ੍ਰਾਪਤ ਕਰਦੇ ਰਹੇ ਹਨ ਅਤੇ ਸੈਸ਼ਨ 2021-22 ਦੇ ਸ਼ੁਰੂਆਤੀ ਮਹੀਨਿਆਂ ਵਿੱਚ ਵਿਦਿਆਰਥੀਆਂ ਨੂੰ ਘਰੇ ਬੈਠੇ ਪੜ੍ਹਾਈ ਕਰਵਾਉਣ ਲਈ ਆਨ-ਲਾਈਨ ਸਿੱਖਿਆ ਦਾ ਮਾਧਿਅਮ ਵਰਤਦੇ ਹੋਏ ਕੰਮ ਕਰਵਾਇਆ ਗਿਆ।

**3.0** ਸੈਸ਼ਨ 2021-22 ਦੌਰਾਨ ਪੰਜਾਬ ਸਰਕਾਰ ਵੱਲੋਂ ਪ੍ਰਾਪਤ ਹੋਈਆਂ ਹਦਾਇਤਾਂ ਅਨੁਸਾਰ ਮਿਤੀ 02.08.2021 ਨੂੰ ਸਮੂਹ ਸਰਕਾਰੀ, ਮਾਨਤਾ ਪ੍ਰਾਪਤ, ਏਡਿਡ ਅਤੇ ਅਨ ਏਡਿਡ ਸਕੂਲ ਪ੍ਰੀ-ਪ੍ਰਾਇਮਰੀ ਜਮਾਤ ਲਈ ਖੋਲ੍ਹੇ ਗਏ ਹਨ।

**4.0** ਕੋਵਿਡ -19 ਕਾਰਨ ਪੈਦਾ ਹੋਈ ਸਥਿਤੀ ਕਰਕੇ ਸੈਸ਼ਨ 2021-22 ਦੌਰਾਨ ਲਈਆਂ ਜਾਣ ਵਾਲੀਆਂ ਪ੍ਰੀਖਿਆਵਾਂ ਦੇ ਸਬੰਧ ਵਿੱਚ ਵੱਖ-ਵੱਖ ਮੀਟਿੰਗਾਂ ਦੌਰਾਨ ਪ੍ਰਾਪਤ ਹੋਏ ਸੁਝਾਵਾਂ ਅਤੇ ਇਸ ਸੈਸ਼ਨ ਦੌਰਾਨ ਸਾਰੀਆਂ ਜਮਾਤਾਂ ਦੇ ਮੁਲਾਂਕਣ ਪੈਟਰਨ ਨੂੰ ਰਿਵਿਊ ਕਰਨ ਉਪਰੰਤ ਫੈਸਲਾ ਲਿਆ ਗਿਆ ਕਿ ਉਕਤ ਸਥਿਤੀ ਦੇ ਸਨਮੁੱਖ ਸਾਰੀਆਂ ਜਮਾਤਾਂ ਦਾ ਮੁਲਾਂਕਣ **MCQ** ਪ੍ਰਸ਼ਨ ਅਧਾਰਿਤ ਹੋਵੇਗਾ ਅਤੇ ਵਿਦਿਆਰਥੀਆਂ ਵੱਲੋਂ ਉੱਤਰਾ ਨੂੰ **OMR** ਸ਼ੀਟਾਂ ਤੇ ਦਰਜ ਕੀਤਾ ਜਾਵੇਗਾ।

**5.0** ਉਪਰੋਕਤ ਸੁਝਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਭਾਗ ਵੱਲੋਂ ਦੂਸਰੇ ਰਾਜਾਂ ਦੇ ਬੋਰਡਾਂ ਅਤੇ ਸੀ.ਬੀ.ਐੱਸ.ਈ. ਬੋਰਡ ਵੱਲੋਂ ਪ੍ਰੀਖਿਆਵਾਂ ਦੇ ਸਬੰਧ ਵਿੱਚ ਕੀਤੀਆਂ ਗਈਆਂ ਤਬਦੀਲੀਆਂ ਨੂੰ ਵੀ ਘੋਖਿਆ ਗਿਆ ਹੈ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ (ਐੱਸ.ਏ.ਐੱਸ. ਨਗਰ) ਨਾਲ ਵੀ ਵਿਚਾਰ-ਵਟਾਂਦਰਾ ਕੀਤਾ ਗਿਆ ਹੈ।

**6.0** ਉਪਰੋਕਤ ਦੇ ਸਬੰਧ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ, ਐੱਸ.ਏ.ਐੱਸ. ਨਗਰ ਵੱਲੋਂ ਵਿਸਥਾਰਿਤ ਹਦਾਇਤਾਂ ਤਿਆਰ ਕਰਕੇ ਜਲਦ ਹੀ ਫੀਲਡ ਨੂੰ ਭੇਜੀਆਂ ਜਾਣਗੀਆਂ।

**ਸ. ਡਾਇਰੈਕਟਰ ਐੱਸ. ਸੀ.ਈ.ਆਰ.ਟੀ, ਪੰਜਾਬ।**

**ਪਿੱਠ ਅੰਕਣ ਨੰ:** AD (CO) SSE/2021/2021298227-31 **ਮਿਤੀ:** 02-09-2021

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ:-**

1. **ਪੀ.ਏ.ਟੂ ਸਕੱਤਰ ਸਕੂਲ ਸਿੱਖਿਆ**
2. **ਪੀ.ਏ.ਟੂ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ**
3. **ਪੀ.ਏ.ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**
4. **ਡੀ.ਪੀ.ਆਈ. (ਸੈ.ਸਿੱ), ਪੰਜਾਬ।**
5. **ਡੀ.ਪੀ.ਆਈ. (ਐ.ਸਿੱ), ਪੰਜਾਬ।**

**ਸ. ਡਾਇਰੈਕਟਰ ਐੱਸ. ਸੀ.ਈ.ਆਰ.ਟੀ, ਪੰਜਾਬ।**